23

# ਖ਼ੁਦਾ ਦੀ ਸ਼ਕਤੀ ਅਤੇ ਬੁੱਧ

## 1 ਕੁਰਿੰਥੀਆਂ 1:18-2:5

*''ਪਰ ਉਸ ਤੋਂ ਤੁਸੀਂ ਮਸੀਹ ਯਿਸੂ ਵਿਚ ਹੋ ਜਿਹੜਾ ਪ੍ਰਮੇਸ਼ਵਰ ਦੀ ਵੱਲੋਂ ਸਾਡੇ ਨਈ ਗਿਆਨ ਅਤੇ ਧਰਮ ਅਤੇ ਪਵਿੱਤਰਤਾਈ ਅਤੇ ਨਿਸਤਾਰਾ ਬਣਾਇਆ ਗਿਆ ਸੀ'' (1 ਕੁਰਿੰਥੀਆਂ 1:30)।*

ਬਾਈਬਲ ਕਹਿੰਦੀ ਹੈ, ''ਪਰ ਉਨ੍ਹਾਂ ਦੇ ਲੇਖੇ ਜਿਹੜੇ ਸੱਦੇ ਹੋਏ ਹਨ ਭਾਵੇਂ ਯਹੂਦੀ ਭਾਵੇਂ ਯੂਨਾਨੀ, ਮਸੀਹ ਪ੍ਰਮੇਸ਼ਵਰ ਦੀ ਸ਼ਕਤੀ ਅਤੇ ਪ੍ਰਮੇਸ਼ਵਰ ਦਾ ਗਿਆਨ ਹੈ'' (1 ਕੁਰਿੰਥੀਆਂ 1:24)। ਇਸ ਆਇਤ ਤੋਂ ਪਤਾ ਲਗਦਾ ਹੈ ਕਿ ਯਿਸੂ ਪ੍ਰਭੂ ਹੈ। ਖ਼ੁਦਾ ਨੇ ਸਾਡੀ ਜ਼ਰੂਰਤ ਦੀ ਹਰ ਚੀਜ਼ ਯਿਸੂ ਵਿਚ ਰੱਖੀ ਹੈ। ਅਸੀਂ ਉਸ ਵਿਚ ਸੰਪੂਰਣ ਹਾਂ (ਕੁਲੁੱਸੀਆਂ 2:10)। ਮਸੀਹੀਅਤ ਮਸੀਹ ਹੀ ਹੈ। ਮਸੀਹੀ ਆਦਮੀ ਦੀ ਸ਼ਕਤੀ ਖ਼ੁਦਾ ਅਤੇ ਮਸੀਹ ਵਿਚ ਹੈ, ਨਾ ਕਿ ਮਨੁੱਖ ਦੀ ਵਿਧੀ ਵਿਚ। ਭਰਪੂਰੀ ਦਾ ਜੀਵਨ ਸਿਰਫ਼ ਯਿਸੂ 'ਤੇ ਹੀ ਬਣਾਇਆ ਜਾ ਸਕਦਾ ਹੈ। ਮਸੀਹੀਅਤ ਬੁਨਿਆਦੀ ਤਬਦੀਲੀ ਲਿਆਉਣ ਵਾਲੀ ਅਤੇ ਮੰਗ ਕਰਨ ਵਾਲੀ ਹੈ। ਆਦਮੀ ਫੇਸ-ਲਿਫ਼ਟ ਅਤੇ ਮੁਰੰਮਤ ਕਰਾ ਸਕਦਾ ਹੈ, ਪਰ ਖ਼ੁਦਾ ਦਿਲ ਹੀ ਬਦਲ ਦਿੰਦਾ ਹੈ। ਮਸੀਹੀਅਤ ਇਕ ਸ਼ਖ਼ਸ ਹੈ ਨਾ ਕਿ ਕੋਈ ਕਾਰਜਕਰਮ।

ਪਾਪ ਸਾਡੀਆਂ ਜ਼ਿੰਦਗੀਆਂ ਵਿੱਚੋਂ ਇੰਜੀਲ ਦੀ ਸ਼ਕਤੀ ਨਿਚੋੜ ਲੈਂਦਾ ਹੈ (1 ਕੁਰਿੰਥੀਆਂ 1:17; NIV)। ਮਸੀਹੀਅਤ ਆਦਮੀ ਨੂੰ ਨਵੀਂ ਸ੍ਰਿਸ਼ਟ ਬਣਾ ਕੇ ਉਹਨੂੰ ਨਵੀਂ ਜ਼ਿੰਦਗੀ ਅਤੇ ਮਨ ਦਿੰਦੀ ਹੈ (2 ਕੁਰਿੰਥੀਆਂ 5:17; ਵੇਖੋ ਯੂਹੰਨਾ 3:1-7; ਗਲਾਤੀਆਂ 2:20)। ਯਿਸੂ ਸਾਨੂੰ ਪਾਪ ਤੋਂ ਮਰਨ ਲਈ ਸੱਦਦਾ ਹੈ ਤਾਂ ਜੋ ਅਸੀਂ ਖ਼ੁਦਾ ਲਈ ਜੀ ਸਕੀਏ।

ਸਲੀਬ ਸਾਡੀ ਜ਼ਿੰਦਗੀ ਦੇ ਆਮ ਚਲਨ ਨੂੰ ਉਲਟਾ-ਪੁਲਟਾ ਕਰ ਦਿੰਦੀ ਹੈ। ਇਹ ਆਖਦੀ ਹੈ ਕਿ ਅਸੀਂ ਜੀਣ ਲਈ ਮਰੀਏ ਅਤੇ ਅਸੀਂ ਪਾਉਣ ਲਈ ਦਿੰਦੇ ਹਾਂ। ਇਹ ਕਹਿੰਦੀ ਹੈ ਕਿ ਉਤਾਂਹ ਜਾਣ ਦਾ ਰਸਤਾ ਹੇਠਾਂ ਹੈ ਅਤੇ ਜੋ ਪਿਛਲੇ ਹਨ ਅੱਗੇ ਕੀਤੇ ਜਾਣਗੇ।

ਸਲੀਬ ਦਿੱਤਾ ਖ਼ੁਦਾ ਆਪਣੇ ਆਪ ਵਿਰੋਧਾਭਾਸ ਹੈ। ਉਹ ਸਰਬਸ਼ਕਤੀਮਾਨ ਹੈ, ਪਰ ਉਹਨੇ ਆਪਣੇ ਆਪ ਨੂੰ ਮਨੁੱਖ ਬਣਨ ਦਿੱਤਾ ਹੈ। ਮਸੀਹੀ ਆਦਮੀ ਵਿਰੋਧਾਭਾਸ ਹੈ। ਉਹ ਜਿਊਂਦਾ ਮੁਰਦਾ ਹੈ। ਉਹ ਮਰ ਚੁਕਾ ਹੈ ਪਰ ਬਿਲਕੁਲ ਜ਼ਿੰਦਾ ਹੈ! ਲੋਕ ਜ਼ਿੰਦਗੀ ਦੀ ਲਾਲਸਾ ਕਰਦੇ ਹਨ ਪਰ ਜ਼ਿੰਦਗੀ ਦੇ ਰਾਹ ਦੇ ਤੌਰ ਤੇ ਖ਼ੁਦਾ ਉਨ੍ਹਾਂ ਨੂੰ ਮੌਤ ਪੇਸ਼ ਕਰਦਾ ਹੈ। ਲੋਕ ਜਿੱਤ ਦੀ ਲਾਲਸਾ ਕਰਦੇ ਹਨ, ਪਰ ਸਲੀਬ ਉਹ ਹਾਰ ਹੇ ਜੋ ਫ਼ਤਹਿ ਦਵਾਉਂਦੀ ਹੈ। ਲੋਕ ਸ਼ਾਂਤੀ

ਚਾਹੁੰਦੇ ਹਨ, ਪਰ ਸਲੀਬ ਸਾਡੇ ਅੰਤਹਕਰਨ 'ਤੇ ਸੂਈਆਂ ਚੋਭ ਕੇ ਇੰਜੀਲ ਦੀ ਗੱਲ ਮੰਨਣ ਵਿਚ ਸਾਡੀ ਰਹਿਨੁਮਾਈ ਕਰਦਾ ਹੈ ਤਾਂ ਜੋ ਖ਼ੁਦਾ ਦੀ ਮੁਆਫ਼ੀ ਵਿਚ ਤਸੱਲੀ ਪਾ ਸਕੀਏ। ਲੋਕ ਸ਼ਾਂਤੀ ਚਾਹੁੰਦੇ ਹਨ ਪਰ ਸਲੀਬ ਉਹ ਸਾਨੂੰ ਉਸ ਜੰਗ ਤਕ ਲਿਆਉਂਦਾ ਹੈ ਜੋ ਸ਼ਾਂਤੀ ਦਾ ਕਾਰਨ ਬਣਦੀ ਹੈ। ਲੋਕ ਖੂਬਸੂਰਤੀ ਨੂੰ ਸਲਾਹੁੰਦੇ ਹਨ ਪਰ ਬੇਢੰਗੀ ਅਤੇ ਬੇਢੱਬੀ ਸਲੀਬ ਉਸ ਖੂਬਸੂਰਤੀ ਦਾ ਬਿਆਨ ਕਰਦੀ ਹੈ ਜੋ ਹਰ ਤਰ੍ਹਾਂ ਦੇ ਸੁਹੱਪਣ ਤੋਂ ਵਧਕੇ ਹੈ। ਜੇ ਅਸੀਂ ਖ਼ੁਦਾ ਦੀ ਸ਼ਕਤੀ ਅਤੇ ਬੁੱਧ ਚਾਹੁੰਦੇ ਹਾਂ ਤਾਂ ਸਾਨੂੰ ਸਲੀਬ ਤੇ ਮਸੀਹ ਨਾਲ ਸ਼ੁਰੂ ਕਰਨਾ ਜ਼ਰੂਰੀ ਹੈ।

## ਮਸੀਹ, ਖ਼ੁਦਾ ਦੀ ਸ਼ਕਤੀ

ਪੌਲੁਸ ਨੇ ਕਿਹਾ ਕਿ ''ਮੁਕਤੀ ਲਈ ਖ਼ੁਦਾ ਦੀ ਸ਼ਕਤੀ'' ਇੰਜੀਲ ਦੇ ਸੰਦੇਸ਼ 'ਚ ਹੈ (ਰੋਮੀਆਂ 1:16)। ਸਲੀਬ ਦੇ ਰਾਹੀਂ ਪਾਪੀਆਂ ਨੂੰ ਬਚਾਉਣ ਵਾਲਾ ਖ਼ੁਦਾ ਕਿਹੋ ਜਿਹਾ ਹੋਵੇਗਾ? ਕਿਰਪਾ ਅਤੇ ਮਾਫ਼ੀ ਦਾ ਖ਼ੁਦਾ! ਸਾਡਾ ਸੰਸਾਰ ਕਠੋਰ ਸ਼ਕਤੀ ਨੂੰ ਪੂਜਦਾ ਹੈ। ਖ਼ੁਦਾ ਦੀ ਸ਼ਕਤੀ ਹੋਰ ਸਭ ਸ਼ਕਤੀਆਂ ਨੂੰ ਮਿਲਾ ਕੇ ਵੀ ਉਨ੍ਹਾਂ ਤੋਂ ਵੱਡੀ ਹੈ। ਇਹ ਜ਼ਬਰਦਸਤ, ਹਮੇਸ਼ਾ ਰਹਿਣ ਵਾਲੀ ਅਤੇ ਦਿਆ ਦੇ ਨਾਲ ਭਰੀ ਹੈ।

ਖ਼ੁਦਾ ਨੇ ਆਪਣੇ ਸ਼ਬਦ ਦੇ ਰਾਹੀਂ ਸੰਸਾਰ ਨੂੰ ਬਣਾਇਆ ਅਤੇ ਉਹਨੂੰ ਕਾਇਮ ਰੱਖਦਾ ਹੈ (ਉਤਪਤ 1:2; ਇਬਰਾਨੀਆਂ 1:3)। ਉਹਦੀ ਸ਼ਕਤੀ ਲੋੜ ਮੁਤਾਬਿਕ ਹੈ, ਕਿਉਂਕਿ ਉਹ ਉਨ੍ਹਾਂ ਸਭਨਾਂ ਦੀ ਭਲਿਆਈ ਦੇ ਲਈ ਕੰਮ ਕਰਦਾ ਹੈ ਜੋ ਉਹਨੂੰ ਪਿਆਰ ਕਰਦੇ ਹਨ (ਰੋਮੀਆਂ 8:28)।

ਪਰ ਖ਼ੁਦਾ ਦੀ ਸਭ ਤੋਂ ਵੱਡੀ ਸ਼ਕਤੀ ਸਲੀਬ ਵਿਚ ਵਿਖਾਈ ਗਈ ਹੈ। ਇਹ ਉਹ ਸ਼ਕਤੀ ਹੈ ਜਿਹਨੂੰ ਕਮਜ਼ੋਰੀ ਦੇ ਤੌਰ ਤੇ ਵਰਣਿਤ ਕੀਤਾ ਗਿਆ ਹੈ! ਪੌਲੁਸ ਨੇ ਕਿਹਾ, ''ਸੰਸਾਰ ਦੇ ਨਿਰਬਲਾਂ ਨੂੰ ਪ੍ਰਮੇਸ਼ਵਰ ਨੇ ਚੁਣ ਲਿਆ ਭਈ ਬਲਵੰਤਾਂ ਨੂੰ ਲੱਜਿਆਵਾਨ ਕਰੇ'' (1 ਕੁਰਿੰਥੀਆਂ 1:27)।

ਉਹ ਅਸੀਮ ਨਿਮਰਤਾ ਦਾ ਖ਼ੁਦਾ ਹੈ, ਉਹ ਸਾਡੇ ਲਈ ਮੁਕਤੀ ਮੁਹੱਈਆ ਕਰਵਾਉਂਦਾ ਹੈ ਪਰ ਉਹਨੂੰ ਲੈਣ ਜਾਂ ਨਾ ਲੈਣ ਦਾ ਹੱਕ ਸਾਨੂੰ ਦਿੰਦਾ ਹੈ। ਉਹ ਸਾਡੀਆਂ ਜ਼ਿੰਦਗੀਆਂ ਵਿਚ ਆਪਣੇ ਤਰੀਕੇ ਥੋਪਦਾ ਨਹੀਂ ਬਲਕਿ ਦਰਵਾਜ਼ੇ ਤੇ ਖੜਾ ਖੜਕਾਉਂਦਾ ਹੈ (ਪ੍ਰਕਾਸ਼ ਦੀ ਪੋਥੀ 3:20)। ਉਸ ਖੁੱਲ੍ਹੀ ਛੋਟ ਵਿਚ ਜੋ ਉਹਨੇ ਸਾਨੂੰ ਦਿੱਤੀ ਹੈ, ਅਸੀਂ ਉਹਦੀ ਦੀਨਤਾ ਨੂੰ ਵੇਖਦੇ ਹਾਂ। ਉਹ ਸਾਨੂੰ ਇਸ ਤਰ੍ਹਾਂ ਸਿਖਾਉਂਦਾ ਹੈ ਕਿ ਅਸੀਂ ਕੁਝ ਵੀ ਵਦਾਨ ਨਾਲ ਫੇਂਹ ਕੇ ਨਹੀਂ ਵਧਾ ਸਕਦੇ।

ਸਲੀਬ ਤੇ ਮਰ ਰਹੇ ਨੰਗੇ ਆਦਮੀ ਨਾਲੋਂ ਲਾਚਾਰ ਹੋਰ ਕੋਈ ਨਹੀਂ ਹੋ ਸਕਦਾ, ਪਰ ਖ਼ੁਦਾ ਦਾ ਸਭ ਤੋਂ ਵੱਡਾ ਕੰਮ ਮਨੁੱਖ ਅਰਥਾਤ ਆਪਣੇ ਪੁੱਤਰ ਦੇ ਰਾਹੀਂ ਸਲੀਬ ਤੇ ਹੋਇਆ। ਸਲੀਬ ਦੀ ਸ਼ਕਤੀ ਤੇ ਧਿਆਨ ਕਰੋ; ਕੋਈ ਪਾਪੀ ਅਜਿਹਾ ਨਹੀਂ ਹੈ ਜਿਹਦੇ ਲਈ ਮਸੀਹ ਨਹੀਂ ਮਰਿਆ, ਅਤੇ ਕੋਈ ਪਾਪ ਅਜਿਹਾ ਨਹੀਂ ਹੈ ਜਿਹਨੂੰ ਸਲੀਬ ਚੁੱਕ ਨਹੀਂ ਸਕਦੀ।

ਕਲਵਰੀ 'ਤੇ ਯਿਸੂ ਦੀ ਮੌਤ ਕੋਈ ਅਚਨਚੇਤ ਅਨੁਭਵ ਨਹੀਂ ਸੀ। ਇਹ ਜਗਤ ਦੇ ਬਣਾਏ ਜਾਣ ਤੋਂ ਪਹਿਲਾਂ ਕਹੀ ਗਈ ਅਬਦੀ ਸੱਚਾਈ ਦਾ ਪੂਰਾ ਹੋਣਾ ਸੀ। ਯਿਸੂ ਸਲੀਬ 'ਤੇ ਛੇ ਘੰਟਿਆਂ ਤਕ ਹੀ ਨਹੀਂ ਰਿਹਾ ਸੀ। ਇਕ ਅਰਥ ਵਿਚ ਉਹ ਤੇਤੀ ਸਾਲ ਸੂਲੀ ਤੇ ਰਿਹਾ। ਧਰਤੀ ਉੱਤਲੇ ... ਜੀਵਨ ਦੇ ਦੌਰਾਨ ਉਹ ਹਰ ਰੋਜ਼ ਇਹਨੂੰ ਝੱਲਦਾ ਸੀ।

ਯਿਸੂ ਸਾਡੀ ਮੁਕਤੀ ਦਾ ਸੋਮਾ ਹੈ। ਸਲੀਬ ਸਾਡੀ ਮੁਕਤੀ ਦਾ ਵਸੀਲਾ ਹੈ। ਖ਼ੁਦਾ ਦੀ ਸ਼ਕਤੀ ਕਮਜ਼ੋਰੀ ਵਿਚ ਹੀ ਸਿੱਧ ਹੋਈ (2 ਕੁਰਿੰਥੀਆਂ 12:6-10)। ਕਮਜ਼ੋਰੀ ਦੇ ਰਾਹੀਂ ਸਲੀਬ ਦਿੱਤੇ ਜਾਣ ਦੇ ਬਾਵਜੂਦ ਯਿਸੂ ਖ਼ੁਦਾ ਦੀ ਸ਼ਕਤੀ ਨੂੰ ਵਿਖਾਉਂਦਾ ਹੈ (2 ਕੁਰਿੰਥੀਆਂ 13:4)। ਅਸੀਂ ਇਸਨੂੰ ਸਿਰਫ਼ ਦੀਨਤਾ ਨਾਲ ਕਬੂਲ ਹੀ ਕਰ ਸਕਦੇ ਹਾਂ। ਜੇ ਅਸੀਂ ਇਹਨੂੰ ਠੁਕਰਾਉਂਦੇ ਹਾਂ ਤਾਂ ਇਹ ਕਰਕੇ ਅਸੀਂ ਆਪਣਾ ਹਮੇਸ਼ਾ ਲਈ ਵਿਨਾਸ਼ ਕਰਾਂਗੇ।

ਜਰਮਨ ਦਾਰਸ਼ਨਿਕ ਅਤੇ ਨਾਸਤਿਕ ਫ੍ਰੇਡਰਿਚ ਨਿਅਜ਼ਸ਼ੇ ਸ਼ਕਤੀ ਦਾ ਦੀਵਾਨਾ ਸੀ। ਉਹਨੇ ਯਿਸੂ ਨੂੰ ਤੁੱਛ ਜਾਣਿਆ ਕਿਉਂਕਿ ਉਹਨੂੰ ਲੱਗਾ ਕਿ ਉਹ ਕਮਜ਼ੋਰ ਸੀ। ਨਿਆਜਸ਼ੇ ਮਰ ਚੁਕਿਆ ਹੈ ਪਰ ਇੰਜੀਲ ਦਾ ਪ੍ਰਚਾਰ ਅਜੇ ਵੀ ਹੋਈ ਜਾ ਰਿਹਾ ਹੈ।

## ਮਸੀਹ, ਖ਼ੁਦਾ ਦੀ ਬੁੱਧ

ਪੌਲੁਸ ਨੇ ਕਿਹ ਕਿ ਯਿਸੂ ''ਪ੍ਰਮੇਸ਼ਵਰ ਦੀ ਵੱਲੋਂ ਸਾਡੇ ਲਈ ਗਿਆਨ ਬਣਾਇਆ ਗਿਆ'' (1 ਕੁਰਿੰਥੀਆਂ 1:30)। ਖ਼ੁਦਾ ਦੀ ਵੱਡੀ ਸ਼ਕਤੀ ਉਹਦੀ ਬੁੱਧ ਨਾਲ ਚੱਲਦੀ ਹੈ। ਸਾਡੀ ਮੁਕਤੀ ਲਈ ਉਹਦੀ ਵੱਡੀ ਯੋਜਨਾ ਉਹਦੀ ਵੱਡੀ ਬੁੱਧ ਦਾ ਪ੍ਰਗਟਾਵਾ ਹੈ।

ਆਪਣੀ ਬੁੱਧ ਵਿਚ ਖ਼ੁਦਾ ਨੇ ਮਸੀਹੀਅਤ ਦੇ ਵਿਚਕਾਰ ਸਲੀਬ ਰੱਖ ਦਿੱਤੀ। ਸਾਨੂੰ ਲਗਦਾ ਹੈ ਕਿ ਸਲੀਬ ਬੇਕਾਰ ਹੈ ਪਰ ਖ਼ੁਦਾ ਆਖਦਾ ਹੈ ਕਿ ਉਹਦੇ ਜਲਾਲ ਦੀ ਭਰਪੂਰੀ ਹੈ।

ਢੀਠਪੁਣੇ ਦਾ ਪਾਪ ਹਰ ਪਾਪ ਦਾ ਮੁੱਢ ਹੈ (ਜ਼ਬੂਰ 19:13; 2 ਪਤਰਸ 2:10)। ਆਦਮੀ ਨੂੰ ਲਗਦਾ ਹੈ ਕਿ ਜਿਵੇਂ ਉਹ ਸੋਚਦਾ ਹੈ ਖ਼ੁਦਾ ਵੀ ਉਵੇਂ ਹੀ ਸੋਚਦਾ ਹੈ ਜਾਂ ਉਹਨੂੰ ਵੀ ਉਵੇਂ ਹੀ ਸੋਚਣਾ ਚਾਹੀਦਾ ਹੈ। ਮਨੋਵਿਗਿਆਨ ਜ਼ਿੰਦਗੀ ਨੂੰ *ਬੇਹਤਰ* ਬਣਾਉਣ ਦਾ ਵਾਅਦਾ ਕਰਦਾ ਹੈ। ਪਾਪੀਆਂ ਨੂੰ ਜ਼ਿੰਦਗੀ ਦਿੰਦਾ ਹੈ, *ਇਹ ਗੱਲ ਨੱਕੀ ਹੈ*। ਮੁਰਦਿਆਂ ਨੂੰ ਜ਼ਿੰਦਗੀ ਦੀ ਲੋੜ ਹੈ ਨਾ ਕਿ ਮੁੜ-ਵਸੇਬੇ ਦੀ (ਅਫ਼ਸੀਆਂ 2)। ਖ਼ੁਦਾ ਦੀ ਸ਼ਕਤੀ ਮੁਰਦਿਆਂ ਨੂੰ ਜ਼ਿੰਦਾ ਕਰਨ ਦੇ ਲਈ ਹੀ ਹੈ। ਸਲੀਬ ਤੇ ਵੀ ਖ਼ੁਦਾ ਮੁਰਦਿਆਂ ਨੂੰ ਜ਼ਿੰਦਾ ਕਰਦਾ ਹੈ।

ਆਦਮੀ ਜੰਗ, ਗਰੀਬੀ ਅਤੇ ਬਿਮਾਰੀ ਤੋਂ ਆਜ਼ਾਦੀ ਚਾਹੁੰਦਾ ਹੈ। ਸਲੀਬ 'ਤੇ ਮਸੀਹ ਸਾਨੂੰ ਪਾਪ ਤੋਂ ਬਚਾਉਂਦਾ ਹੈ। ਆਦਮੀ ਜੰਗ, ਦੂਜਿਆਂ ਨਾਲ ਬਦਸਲੂਕੀ ਦਾ, ਜਾਂ ਸਮਾਜਿਕ ਬੇਚੈਨੀ ਦਾ ਹੱਲ ਉਦੋਂ ਤਕ ਨਹੀਂ ਕਰ ਸਕਦਾ ਜਦ ਤਕ ਉਹ ਪਾਪ ਤੋਂ ਬਚਾਇਆ ਨਹੀਂ ਜਾਂਦਾ। ਪਾਪ ਦਾ ਇਲਾਜ ਸਿਰਫ਼ ਸਲੀਬ 'ਤੇ ਹੀ ਹੋ ਸਕਦਾ ਹੈ।

ਪੜ੍ਹੇ ਲਿਖੇ ਘਮੰਡੀ ਲਈ ਸਲੀਬ ਅਜੇ ਵੀ ਮੂਰਖਤਾ ਹੈ। ਆਦਮੀ ਸ਼ਕਤੀ ਲੱਭਦਾ ਹੈ ਬੁੱਧ ਨਹੀਂ, ਲੋਅ ਭਾਲਦਾ ਹੈ ਵਿਸ਼ਵਾਸ ਨਹੀਂ। ਸਲੀਬ ਨੂੰ ਫੜ੍ਹੀ ਰੱਖਣ ਵਾਲਾ ਘਮੰਡ, ਨਫ਼ਰਤ ਅਤੇ ਪਾਪ ਨੂੰ ਫੜ੍ਹੀ ਨਹੀਂ ਰੱਖ ਸਕਦਾ। ਸਲੀਬ ਕੋਲ ਖਲੋ ਕੇ ਫੜ ਨਹੀਂ ਮਾਰੀ ਜਾ ਸਕਦੀ। ਸਲੀਬ 'ਤੇ ਯਿਸੂ ਉਸ ਸੰਸਾਰ ਨੂੰ ਬਚਾਉਣ ਦੇ ਲਈ ਮਰਿਆ ਜੋ ਬਚਾਇਆ ਨਹੀਂ ਜਾਣਾ ਚਾਹੁੰਦਾ ਸੀ। ਕਿੰਨਾ ਅਨੋਖਾ ਮੁਕਤੀਦਾਤਾ ਹੈ! ਪੌਲੁਸ ਨੇ ਮਸੀਹ ਅਤੇ ਉਹਦੀ ਸਲੀਬ ਤੋਂ ਛੁੱਟ ਹੋਰ ਕਿਸੇ ਨੂੰ ਨਾ ਜਾਣਨ ਦਾ ਧਾਰ ਲਿਆ ਸੀ (1 ਕੁਰਿੰਥੀਆਂ 2:1-5)। ਇਸ ਤੇ ਯਕੀਨ ਕਰੋ ਅਤੇ ਲੋਕਾਂ ਨੂੰ ਸਿਖਾਓ। ਸਾਨੂੰ ਚਾਹੀਦਾ ਹੈ ਕਿ ਖ਼ੁਦਾ ਦੇ ਬਗ਼ੈਰ ਭਗਤ ਬਣਨ ਅਤੇ ਮਸੀਹ ਦੇ ਬਗੈਰ ਮਸੀਹੀ ਬਣਨ ਅਤੇ ਆਤਮਾ ਦੇ ਆਤਮਿਕ ਬਣਨ ਤੀ ਕੋਸ਼ਿਸ਼ ਕਰਨੀ ਛੱਡ ਦਈਏ।

ਸਿਰਫ਼ ਖ਼ੁਦਾ ਹੀ ਮੌਤ ਦਾ ਸਮਾਨ (ਸਲੀਬ) ਲੈ ਕੇ ਇਸ ਨੂੰ ਧਰਤੀ ਤੇ ਸਭ ਤੋਂ ਵੱਡੀ ਪ੍ਰੇਰਨਾ ਵਿਚ ਬਦਲ ਸਕਦਾ ਸੀ। ਸਲੀਬ ਤੋਂ ਛੁੱਟ, ਆਪਣੇ ਆਪ ਤੋਂ ਮਰਨ ਵਾਲੀ ਹੋਰ ਕੋਈ

ਸ਼ਕਤੀ ਨਹੀਂ ਹੈ, ਅਤੇ ਹੋਰ ਕੋਈ ਬੁੱਧ ਨਹੀਂ ਹੈ ਜਿਹਦੇ ਨਾਲ ਭਰਪੂਰੀ ਦਾ ਜੀਵਨ ਜੀ ਸਕੀਏ। ਯਿਸੂ ਨੇ ਕਿਹਾ, ''ਅਰ ਮੈਂ ਜੇ ਧਰਤੀ ਉੱਤੇ ਉੱਚਾ ਕੀਤਾ ਜਾਵਾਂ ਤਾਂ ਸਾਰਿਆਂ ਨੂੰ ਆਪਣੀ ਵੱਲ ਖਿੱਚਾਂਗਾ'' (ਯੂਹੰਨਾ 12:32)। ਉਹ ਲੋਕਾਂ ਨੂੰ ਆਪਣੇ ਵੱਲ ਖਿੱਚ ਸਕਦਾ ਸੀ ਕਿਉਂਕਿ ਸਲੀਬ ਖ਼ੁਦਾ ਦੀ ਬੁੱਧ ਅਤੇ ਸ਼ਕਤੀ ਦੇ ਨਾਲ ਦਿੱਤੀ ਜਾਦੀ ਹੈ।

*ਸਲੀਬ ...*
*ਹੋਰ ਰਾਹ ਹੀ ਨਹੀਂ!*